# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20 Pm**

**ਮਿਤੀ: 17-04-2024**

- ਲੋਕ ਸਭਾ ਚੋਣਾਂ ਦੇ ਪਹਿਲੇ ਗੇੜ ਲਈ, ਖੁਲੇ ਆਮ ਚੋਣ ਪ੍ਰਚਾਰ ਅੱਜ ਸ਼ਾਮ 5 ਵਜੇ ਖ਼ਤਮ ਹੋ ਗਿਆ ਏ।
- ਦੇਸ਼ ਭਰ ਵਿਚ ਰਾਮ ਨੌਮੀ ਦਾ ਤਿਉਹਾਰ ਅੱਜ ਬੜੇ ਹੀ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਏ, ਸ੍ਰੀ ਰਾਮ ਜਨਮ ਭੂਮੀ ਮੰਦਰ ਵਿੱਚ ਬਿਰਾਜ-ਮਾਨ ਰਾਮਲਲਾ ਦਾ ਸੂਰਜ ਦੀਆਂ ਕਿਰਨਾਂ ਨਾਲ ਸੂਰਜ ਤਿਲਕ ਕੀਤਾ ਗਿਆ।
- ਅੰਦੋਲਨ ਕਰ ਰਹੇ ਕਿਸਾਨਾਂ ਵਲੋਂ ਸ਼ੰਭੂ ਰੇਲਵੇ ਸਟੇਸ਼ਨ 'ਤੇ ਅੱਜ ਦੁਪਹਿਰ ਤੋਂ ਰੇਲਵੇ ਟ੍ਰੈਕ ਜਾਮ ਕਰਨ ਨਾਲ ਅੰਮ੍ਰਿਤਸਰ-ਦਿੱਲੀ ਰੇਲ ਰੂਟ ਤੇ ਆਵਾਜਾਈ ਪ੍ਰਭਾਵਤ।

- ਕੌਮੀ ਆਫ਼ਤ ਪ੍ਰਬੰਧਨ ਅਥਾਰਿਟੀ ਨੇ ਲੋਕਾਂ ਨੂੰ ਤਾਪਮਾਨ ਵਧਣ ਦੇ ਮੱਦੇਨਜ਼ਰ, ਲੂ ਤੋਂ ਬਚਣ ਲਈ ਸਾਵਧਾਨੀ ਵਰਤਣ ਲਈ ਆਖਿਆ ਏ।

-------------------------------------------------------

ਲੋਕ ਸਭਾ ਚੋਣਾਂ ਦੇ ਪਹਿਲੇ ਗੇੜ ਲਈ ਖੁਲੇ ਆਮ ਚੋਣ ਪ੍ਰਚਾਰ ਅੱਜ ਸ਼ਾਮ 5 ਵਜੇ ਖ਼ਤਮ ਹੋ ਗਿਆ ਏ । ਹੁਣ ਚੋਣ ਪ੍ਰਚਾਰ ਘਰੋਂ ਘਰੀ ਕੀਤਾ ਜਾਵੇਗਾ । ਇਸ ਗੇੜ ਤਹਿਤ 17 ਸੂਬਿਆਂ ਅਤੇ ਚਾਰ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੀਆਂ 102 ਸੀਟਾਂ 'ਤੇ 19 ਅਪ੍ਰੈਲ ਨੂੰ ਵੋਟਾਂ ਪੈਣਗੀਆਂ । ਚੋਣ ਪ੍ਰਚਾਰ ਵਿਚ ਸਾਰੀਆਂ ਹੀ ਸਿਆਸੀ ਪਾਰਟੀਆਂ ਅਤੇ ਉਨ੍ਹਾਂ ਦੇ ਆਗੂ ਵੋਟਰਾਂ ਨੂੰ ਆਪਣੇ ਹੱਕ ਵਿੱਚ ਲੁਭਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡ ਰਹੇ ਨੇ । ਇਸ ਦੌਰਾਨ ਚੋਣ ਕਮਿਸ਼ਨ ਨੇ ਆਜ਼ਾਦ ਤੇ ਨਿਰਪੱਖ ਚੋਣਾਂ ਕਰਵਾਉਣ ਲਈ 350 ਚੋਣ ਓਬਜਰਵਰਾਂ ਦੀ ਡਿਊਟੀ ਲਗਾਈ ਏ ।

-------------------------------------------------------

ਦੇਸ਼ ਭਰ ਵਿਚ ਰਾਮ ਨੌਮੀ ਦਾ ਤਿਓਹਾਰ ਅੱਜ ਬੜੇ ਹੀ ਉਤਸ਼ਾਹ ਨਾਲ

ਮਨਾਇਆ ਜਾ ਰਿਹਾ ਏ। ਇਸ ਮੌਕੇ ਸ੍ਰੀ ਰਾਮ ਜਨਮ ਭੂਮੀ ਮੰਦਰ ਵਿੱਚ ਬਿਰਾਜਮਾਨ ਰਾਮਲਲਾ ਦਾ ਸੂਰਜ ਦੀਆਂ ਕਿਰਨਾਂ ਨਾਲ ਸੂਰਜ ਤਿਲਕ ਕੀਤਾ ਗਿਆ । ਜਨਮਭੂਮੀ ਮੰਦਿਰ ਵਿੱਚ ਪ੍ਰਾਣ ਪ੍ਰਤਿਸ਼ਠਾ ਹੋਣ ਤੋਂ ਬਾਅਦ ਰਾਮਲਲਾ ਦਾ ਇਹ ਪਹਿਲਾ ਸੂਰਜ ਤਿਲਕ ਏ । ਦੁਪਹਿਰ 12 ਵਜੇ ਅਭਿਜੀਤ ਮੁਹੂਰਤ ਵਿਚ ਰਾਮਲਲਾ ਦਾ ਇਹ ਸੂਰਜ ਤਿਲਕ ਕੀਤਾ ਗਿਆ ਅਤੇ ਮੱਥੇ 'ਤੇ ਕੋਈ 3 ਮਿੰਟ ਤੱਕ ਸੂਰਜ ਦੀਆਂ ਕਿਰਨਾਂ ਪਈਆਂ। ਇਹ ਨਜ਼ਾਰਾ ਦੇਖ ਕੇ ਉੱਥੇ ਮੌਜੂਦ ਸ਼ਰਧਾਲੂ ਭਗਤੀ-ਮਈ ਹੋ ਗਏ । ਇਸ ਤੋਂ ਪਹਿਲਾਂ ਅੱਜ ਤੜਕੇ ਰਾਮਲਲਾ ਦਾ ਬ੍ਰਹਮ ਅਭਿਸ਼ੇਕ ਕੀਤਾ ਗਿਆ ਅਤੇ ਉਦੋਂ ਤੋਂ ਹੀ ਰਾਮਲਲਾ ਸ਼ਰਧਾਲੂਆਂ ਨੂੰ ਦਰਸ਼ਨ ਦੇ ਰਹੇ ਨੇ। ਇਹ ਸਿਲਸਿਲਾ ਰਾਤ 11 ਵਜੇ ਤੱਕ ਜਾਰੀ ਰਹੇਗਾ । ਰਾਮਲਲਾ ਦੇ ਦਰਸ਼ਨਾਂ ਲਈ ਲੱਖਾਂ ਸ਼ਰਧਾਲੂ ਅਯੁੱਧਿਆ ਪਹੁੰਚੇ ਹੋਏ ਨੇ।

---------------------------------------------------------

ਪੰਜਾਬ ਦੇ ਰਾਜਪਾਲ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਦੇ ਪ੍ਰਸ਼ਾਸਕ ਬਨਵਾਰੀ ਲਾਲ ਪੁਰੋਹਿਤ ਨੇ ਭਗਵਾਨ ਸ਼੍ਰੀ ਰਾਮ ਜੀ ਦੇ ਪ੍ਰਗਟ

ਉਤਸਵ 'ਰਾਮ ਨੌਮੀ' ਦੇ ਸ਼ੁਭ ਮੌਕੇ ਤੇ ਪੰਜਾਬ ਅਤੇ ਚੰਡੀਗੜ੍ਹ ਵਾਸੀਆਂ ਨੂੰ ਨਿੱਘੀ ਵਧਾਈ ਦਿੱਤੀ ਏ। ਆਪਣੇ ਇੱਕ ਸੁਨੇਹੇ ਵਿੱਚ ਉਨਾਂ ਕਿਹਾ ਕਿ ਮਰਿਯਾਦਾ ਪੁਰਸ਼ੋਤਮ ਰਾਮ ਅਧਿਆਤਮਕਤਾ, ਨੇਕੀ ਅਤੇ ਦਇਆ ਦੀ ਮੂਰਤ ਨੇ। ਉਨਾਂ ਕਿਹਾ ਕਿ ਆਓ ਅਸੀਂ ਉਨ੍ਹਾਂ ਦੀਆਂ ਮਹਾਨ ਸਿੱਖਿਆਵਾਂ ਤੇ ਗੁਣਾਂ ਨੂੰ ਆਪਣੇ ਜੀਵਨ ਵਿਚ ਅਪਣਾਈਏ ਅਤੇ ਭਗਵਾਨ ਰਾਮ ਜੀ ਦੇ ਜੀਵਨ ਤੋਂ ਪ੍ਰੇਰਨਾ ਲੈਂਦਿਆਂ ਆਪਣੇ ਜੀਵਨ ਵਿੱਚ ਸੱਚਾਈ, ਦਿਆਲਤਾ ਤੇ ਏਕਤਾ ਨੂੰ ਬਰਕਰਾਰ ਰੱਖਣ ਲਈ ਯਤਨ ਕਰੀਏ । ਰਾਜਪਾਲ ਪੁਰੋਹਿਤ ਨੇ ਕਿਹਾ ਕਿ ਇਹ ਸ਼ੁਭ ਮੌਕਾ ਸਾਰਿਆਂ ਨੂੰ ਤਰੱਕੀ, ਸ਼ਾਂਤੀ ਅਤੇ ਖੁਸ਼ਹਾਲੀ ਪ੍ਰਦਾਨ ਕਰੇ।

---------------------------------------------------------

ਏਧਰ ਜਲੰਧਰ ਸਮੇਤ ਪੰਜਾਬ ਦੇ ਵੱਖ ਵੱਖ ਮੰਦਰਾਂ ਵਿਚ ਸ੍ਰੀ ਰਾਮਚਰਿਤ ਮਾਨਸ ਦੇ ਕਲ ਰਖੇ ਗਏ ਪਾਠ ਦੇ ਅੱਜ ਭੋਗ ਪਾਏ ਗਏ। ਮੰਦਰਾਂ ਵਿਚ ਪ੍ਰਭੂ ਸ੍ਰੀ ਰਾਮ ਜੀ ਦਾ ਗੁਣਗਾਣ ਸਵੇਰ ਤੋਂ ਹੀ ਲਗਾਤਾਰ ਚੱਲ ਰਿਹਾ ਏ। ਇਸ ਦੌਰਾਨ ਅੱਜ ਨਵਮੀ ਤੇ ਮਾਂ ਦੁਰਗਾ ਦੇ ਸਿਧਿ-ਦਾਤਰੀ ਸਰੂਪ ਦੀ ਪੂਜਾ ਅਰਚਨਾ ਕੀਤੀ ਜਾ ਰਹੀ ਏ । ਕਈ

ਲੋਕਾਂ ਨੇ ਅੱਜ ਕੰਜਕ ਪੂਜਣ ਕਰਕੇ ਆਪਣੇ ਵਰਤ ਖੋਲ੍ਹੇ। ਜਲੰਧਰ ਵਿਚ ਹਿੰਦ ਸਮਾਚਾਰ ਪੱਤਰ ਸਮੂਹ ਦੀ ਅਗਵਾਈ ਵਿਚ, ਅੱਜ ਸ਼੍ਰੀ ਰਾਮ ਨਵਮੀ ਕਮੇਟੀ ਵਲੋਂ ਇਕ ਸ਼ਾਨਦਾਰ ਸ਼ੋਭਾ ਯਾਤਰਾ ਦਾ ਪ੍ਰਬੰਧ ਕੀਤਾ ਗਿਆ। ਵੱਡੀ ਗਿਣਤੀ ਵਿਚ ਸ਼ਰਧਾਲੂਆਂ ਅਤੇ ਮੰਦਰ ਕਮੇਟੀਆਂ ਦੇ ਨੁਮਾਇੰਦਿਆਂ ਨੇ, ਇਸ ਸ਼ੋਭਾ ਯਾਤਰਾ ਵਿਚ ਹਿੱਸਾ ਲਿਆ। ਸ਼ਹਿਰ ਦੇ ਸ਼੍ਰੀ ਰਾਮ ਚੋਕ ਤੋਂ ਸ਼ੁਰੂ ਹੋਈ ਇਹ ਸ਼ੋਭਾ ਯਾਤਰਾ, ਵੱਖ ਵੱਖ ਮੁਖ ਬਾਜ਼ਾਰਾਂ ਵਿਚੋਂ ਲੰਘੀ। ਸ਼ੋਭਾ ਯਾਤਰਾ ਵਿਚ ਸ਼ਾਮਲ ਪ੍ਰਭੂ ਸ਼੍ਰੀ ਰਾਮ ਜੀ ਦੇ ਜੀਵਨ ਨੂੰ ਦਰਸਾਉਂਦੀਆਂ ਝਾਕੀਆਂ ਲੋਕਾਂ ਦੀ ਖਿੱਚ ਦਾ ਕੇਂਦਰ ਬਣੀਆਂ। ਸ਼ੋਭਾ ਯਾਤਰਾ ਦੇ ਸਮੁਚੇ ਰਸਤੇ ਨੂੰ ਸ਼ਾਨਦਾਰ ਢੰਗ ਨਾਲ ਸਜਾਇਆ ਗਿਆ ਸੀ ਅਤੇ ਰਸਤੇ ਵਿਚ ਲੋਕਾਂ ਨੇ ਇਸ ਸ਼ੋਭਾ ਯਾਤਰਾ ਦਾ ਭਰਵਾਂ ਸਵਾਗਤ ਕੀਤਾ। ਕਈ ਤਰ੍ਹਾਂ ਦੀਆਂ ਖਾਣ ਪੀਣ ਦੀਆਂ ਵਸਤਾਂ ਦੇ ਲੰਗਰ ਵਰਤਾਏ ਗਏ। ਇਸ ਸ਼ੋਭਾ ਯਾਤਰਾ ਨੂੰ ਵੇਖਦਿਆਂ ਸੁਰੱਖਿਆ ਦੇ ਸਖਤ ਪ੍ਰਬੰਧ ਕੀਤੇ ਗਏ ਸਨ।

---

ਜਲੰਧਰ ਲੋਕ ਸਭਾ ਹਲਕੇ ਤੋਂ BJP ਦੇ ਉਮੀਦਵਾਰ ਸੁਸ਼ੀਲ ਰਿੰਕੂ ਨੇ

ਕਿਹਾ ਏ, ਕਿ ਭਾਰਤੀ ਜਨਤਾ ਪਾਰਟੀ ਰਾਖਵੇਂਕਰਨ ਨੂੰ ਕਦੇ ਵੀ ਖਤਮ ਨਹੀਂ ਹੋਣ ਦੇਵੇਗੀ ਅਤੇ ਕਾਂਗਰਸ ਇਸ ਬਾਰੇ ਝੂਠ ਬੋਲ ਰਹੀ ਏ ਕਿ ਜੇਕਰ BJP ਨੂੰ 400 ਸੀਟਾਂ ਮਿਲਦੀਆਂ ਨੇ ਤਾਂ ਉਹ ਰਾਖਵਾਂਕਰਨ ਖ਼ਤਮ ਕਰ ਦੇਣਗੇ। ਜਲੰਧਰ ਤੋਂ ਅੱਜ ਜਾਰੀ ਇਕ ਬਿਆਨ ਵਿਚ ਉਨ੍ਹਾਂ ਕਿਹਾ ਕਿ BJP ਹਮੇਸ਼ਾ SC/ST ਰਾਖਵੇਂਕਰਨ 'ਚ ਕ੍ਰੀਮੀ ਲੇਅਰ ਦੇ ਖਿਲਾਫ ਅਤੇ ਤਰੱਕੀਆਂ 'ਚ ਰਾਖਵੇਂਕਰਨ ਦੇ ਪੱਖ 'ਚ ਰਹੀ ਏ। ਉਨਾਂ ਕਿਹਾ ਕਿ ਪਹਿਲਾਂ ਨਾਲੋਂ ਵੀ ਪਛੜੇ ਅਤੇ ਅਨੁਸੂਚਿਤ ਵਰਗ ਦੇ ਹਿੱਤਾਂ ਦੀ ਰਾਖੀ ਲਈ ਮੋਦੀ ਸਰਕਾਰ ਨੇ 2016 ਵਿੱਚ ਅਨੁਸੂਚਿਤ ਜਾਤੀ ਅੱਤਿਆਚਾਰ ਰੋਕਥਾਮ ਐਕਟ ਵਿੱਚ ਸੋਧ ਕਰਕੇ ਇਸ ਅਧੀਨ ਅਪਰਾਧਾਂ ਦੀ ਸੂਚੀ 22 ਤੋਂ ਵਧਾ ਕੇ 47 ਕਰ ਦਿੱਤੀ ਏ। ਇਸ ਕਾਰਨ ਇਹ ਕਾਨੂੰਨ ਪਹਿਲਾਂ ਨਾਲੋਂ ਹੋਰ ਸਖ਼ਤ ਹੋ ਗਿਆ ਏ। ਸੁਸ਼ੀਲ ਰਿੰਕੂ ਨੇ ਕਿਹਾ ਕਿ ਦੇਸ਼ ਵਿੱਚ ਗਰੀਬੀ ਦੂਰ ਕਰਨ ਦਾ ਕੰਮ ਮੋਦੀ ਦੇ ਰਾਜ ਵਿੱਚ ਹੋਇਆ ਏ ਜਦਕਿ ਕਾਂਗਰਸ ਨੇ ਗਰੀਬੀ ਮਿਟਾਉਣ ਦਾ ਨਾਅਰਾ ਤਾਂ ਦਿੱਤਾ ਪਰ ਕਦੇ ਵੀ ਗਰੀਬੀ ਨਹੀਂ ਮਿਟਾਈ ਅਤੇ ਗਰੀਬਾਂ ਨੂੰ ਗਰੀਬ ਰੱਖਣ ਦਾ ਕੰਮ ਹੀ ਕੀਤਾ।

---------------------------------------------------------------

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ, ਪਟਿਆਲਾ ਲੋਕ ਸਭਾ ਹਲਕੇ ਦੇ ਸਮੂਹ ਹਲਕਾ ਇੰਚਾਰਜਾਂ ਨੂੰ ਹਦਾਇਤ ਕੀਤੀ ਏ ਕਿ ਉਹ, ਆਪਸੀ ਮਤਭੇਦ ਭੁਲਾ ਕੇ ਪੂਰੀ ਇੱਕਜੁੱਟਤਾ ਨਾਲ ਪਾਰਟੀ ਉਮੀਦਵਾਰ ਐਨ.ਕੇ. ਸ਼ਰਮਾ ਦੇ ਹੱਕ ਵਿੱਚ ਚੋਣ ਪ੍ਰਚਾਰ ਕਰਨ। ਪਟਿਆਲਾ ਸੰਸਦੀ ਸੀਟ ਅਧੀਨ ਆਉਂਦੇ ਸਾਰੇ ਵਿਧਾਨ ਸਭਾ ਹਲਕਿਆਂ ਦੇ ਇੰਚਾਰਜਾਂ ਦੀ ਅੱਜ ਇਕ ਮੀਟਿੰਗ ਬੁਲਾ ਕੇ ਉਨਾਂ ਚੋਣ ਰਣਨੀਤੀ 'ਤੇ ਵਿਚਾਰ ਵਟਾਂਦਰਾ ਕੀਤਾ ਅਤੇ ਚੋਣ ਪ੍ਰਚਾਰ ਮੁਹਿੰਮ ਨੂੰ ਤੇਜ਼ ਗਤੀ ਨਾਲ ਚਲਾਉਣ ਦੇ ਨਿਰਦੇਸ਼ ਦਿੱਤੇ। ਸੁਖਬੀਰ ਬਾਦਲ ਨੇ ਕਿਹਾ ਕਿ ਅਕਾਲੀ ਦਲ ਦੀ ਕੋਰ ਕਮੇਟੀ ਨੇ ਡੂੰਘੀ ਸੋਚ ਵਿਚਾਰ ਤੋਂ ਬਾਅਦ ਪਟਿਆਲਾ ਤੋਂ ਐਨ.ਕੇ. ਸ਼ਰਮਾ ਜਿਹੇ ਬੇਦਾਗ ਵਿਅਕਤੀ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਏ। ਇਸ ਮੌਕੇ ਐਨ.ਕੇ. ਸ਼ਰਮਾ ਨੇ ਕਿਹਾ ਕਿ ਉਹ, ਸਰਕਾਰ ਅਤੇ ਸੰਗਠਨ ਵਿੱਚ ਜਿਨ੍ਹਾਂ ਵੀ ਅਹੁਦਿਆਂ 'ਤੇ ਰਹੇ ਨੇ, ਉਨਾਂ ਹਮੇਸ਼ਾ ਪਾਰਟੀ ਦੇ ਸਾਰੇ ਵਰਗਾਂ ਨੂੰ ਨਾਲ ਲੈ ਕੇ ਚੱਲਣ ਦੀ ਕੋਸ਼ਿਸ਼ ਕੀਤੀ ਏ। ਉਨਾਂ ਸਮੂਹ ਹਲਕਾ ਇੰਚਾਰਜਾਂ ਨੂੰ ਕਿਹਾ ਕਿ ਉਹ, ਆਪੋ-ਆਪਣੇ

ਖੇਤਰਾਂ ਵਿੱਚ ਪ੍ਰੋਗਰਾਮ ਉਲੀਕਣ ਅਤੇ ਪ੍ਰਚਾਰ ਮੁਹਿੰਮ ਦੌਰਾਨ ਕੋਈ ਵੀ ਪਿੰਡ, ਸ਼ਹਿਰ, ਕਸਬਾ ਅਜਿਹਾ ਨਾ ਛੱਡਿਆ ਜਾਵੇ, ਜਿੱਥੇ ਅਕਾਲੀ ਦਲ ਦਾ ਕੋਈ ਵਰਕਰ ਨਾ ਪਹੁੰਚਿਆ ਹੋਵੇ।

-----------------------------------------------------------------

ਪੰਜਾਬ-ਹਰਿਆਣਾ ਦੇ ਸ਼ੰਭੂ ਬਾਰਡਰ 'ਤੇ ਅੰਦੋਲਨ ਕਰ ਰਹੇ ਕਿਸਾਨਾਂ ਨੇ, ਸ਼ੰਭੂ ਰੇਲਵੇ ਸਟੇਸ਼ਨ 'ਤੇ ਅੱਜ ਦੁਪਹਿਰ ਰੇਲਵੇ ਟ੍ਰੈਕ ਜਾਮ ਕਰ ਦਿੱਤਾ। ਸਰਹੱਦ 'ਤੇ ਕੌਮੀ ਮੁਖ ਮਾਰਗ  ਬੰਦ ਕਰਨ ਵਾਲੇ ਕਿਸਾਨ ਸ਼ੰਭੂ ਨੇੜੇ ਰੇਲਵੇ ਟਰੈਕ 'ਤੇ ਬੈਠ ਗਏ ਨੇ। ਇਸ ਨਾਲ ਅੰਮ੍ਰਿਤਸਰ-ਦਿੱਲੀ ਰੇਲ ਰੂਟ ਤੇ ਰੇਲ ਆਵਾਜਾਈ ਪ੍ਰਭਾਵਤ ਹੋਈ ਏ ਅਤੇ ਰੇਲਵੇ ਨੇ ਕਰੀਬ 11 ਰੇਲ ਗੱਡੀਆਂ ਨੂੰ ਰੱਦ ਕਰ ਦਿੱਤਾ ਏ ਜਦਕਿ ਕੁਛ ਹੋਰਨਾਂ ਦੇ ਰਸਤੇ ਵਿਚ ਫੇਰਬਦਲ ਕੀਤਾ ਗਿਆ ਏ। ਪੁਲਿਸ ਨੇ ਕਿਸਾਨਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਅਤੇ ਦੋਹਾਂ ਵਿਚਾਲੇ ਝੜਪ ਵੀ ਹੋਈ ਪਰ ਕਿਸਾਨ ਬੈਰੀਕੇਡ ਤੋੜ ਕੇ ਟਰੈਕ 'ਤੇ ਬੈਠ ਗਏ। ਕਿਸਾਨ ਸਰਕਾਰ ਤੋਂ ਨੌਜਵਾਨ ਆਗੂ ਨਵਦੀਪ ਸਿੰਘ ਜਲ-ਬੇੜਾ ਸਮੇਤ 3 ਕਿਸਾਨਾਂ ਨੂੰ ਰਿਹਾਅ ਕਰਨ ਦੀ ਮੰਗ ਕਰ ਰਹੇ ਨੇ। ਇਸ ਦੌਰਾਨ ਆਵਾਜਾਈ ਠੱਪ ਹੋਣ ਨਾਲ ਰੇਲ

ਮੁਸਾਫਰਾਂ ਨੂੰ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰਨ ਪੈ ਰਿਹਾ ਏ। ਕਈ ਰੇਲ ਮੁਸਾਫਰ ਕਿਸਾਨਾਂ ਦੇ ਇਸ ਕਦਮ ਤੋਂ ਕਾਫੀ ਨਾਰਾਜ ਨਜ਼ਰ ਆਏ।

---------------------------------------------------------------

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਮਾਰਚ 2024 ਵਿਚ ਲਈ ਗਈ 10ਵੀਂ ਜਮਾਤ ਦੀ ਸਲਾਨਾ ਪ੍ਰੀਖਿਆ ਦਾ ਨਤੀਜਾ ਭਲਕੇ 18 ਅਪ੍ਰੈਲ ਨੂੰ, ਬਾਅਦ ਦੁਪਹਿਰ ਐਲਾਨਿਆ ਜਾਵੇਗਾ। ਬੋਰਡ ਦੇ ਇਕ ਬੁਲਾਰੇ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਬੰਧਤ ਪ੍ਰੀਖਿਆਰਥੀ, ਆਪਣਾ ਨਤੀਜਾ 19 ਅਪ੍ਰੈਲ ਨੂੰ ਬੋਰਡ ਦੀ ਵੈਬਸਾਈਟ www. pseb. ac. in ਤੇ ਦੇਖ ਸਕਣਗੇ।

---------------------------------------------------------------

ਮੌਸਮ ਵਿਭਾਗ ਨੇ ਆਉਣ ਵਾਲੇ ਦਿਨਾਂ ਵਿੱਚ ਤਾਪਮਾਨ ਦੇ ਵਧਣ ਦਾ ਖ਼ਦਸ਼ਾ ਪ੍ਰਗਟਾਇਆ ਏ। ਕੇਂਦਰੀ ਗ੍ਰਿਹ ਮੰਤਰਾਲਾ ਤਹਿਤ ਕੌਮੀ ਆਫ਼ਤ ਪ੍ਰਬੰਧਨ ਅਥਾਰਿਟੀ ਨੇ ਲੋਕਾਂ ਨੂੰ ਤਾਪਮਾਨ ਵਧਣ ਦੇ ਮੱਦੇਨਜ਼ਰ ਲੂ ਤੋਂ ਬਚਣ ਲਈ ਸਾਵਧਾਨੀ ਵਰਤਣ ਲਈ ਆਖਿਆ ਏ।

*ਵੇਰਵੇ ਨਾਲ ਇਹ ਰਿਪੋਰਟ: ਡਿਸਪੈਚ: ਕੌਮੀ ਆਫ਼ਤ ਪ੍ਰਬੰਧਨ ਅਥਾਰਿਟੀ ਨੇ ਲੋਕਾਂ ਨੂੰ ਸਲਾਹ ਦੇਂਦਿਆਂ ਕਿਹਾ ਏ ਕਿ ਸਿੱਧੀ ਧੁੱਪ ਵਿਚ ਬਾਹਰ ਨਿਕਲਣ ਤੋਂ ਬਚੋ, ਛਾਂ ਵਿੱਚ ਰਹੋ। ਸਵੇਰੇ 11 ਵਜੇ ਤੋਂ ਸ਼ਾਮ 4 ਵਜੇ ਤਕ ਬਾਹਰ ਜਾਣ ਤੋਂ ਪਰਹੇਜ ਕਰੋ। ਜਰੂਰੀ ਮਿਕਦਾਰ ਵਿਚ ਪਾਣੀ ਪਿਓ। ਸਿਰ ਨੂੰ ਟੌਪੀ ਜਾਂ ਤੋਲੀਏ ਨਾਲ ਢੱਕ ਕੇ ਰੱਖੋ। ਜੇਕਰ ਕਿਸੇ ਨੂੰ ਲੂ ਲੱਗੀ ਹੋਵੇ ਤਾਂ ਉਸਨੂੰ ਆਈਸਪੈਕ ਤੇ ਠੰਡੇ ਪਾਣੀ ਨਾਲ ਠੰਡਾ ਕਰੋ ਅਤੇ ਤੁਰੰਤ ਹਸਪਤਾਲ ਲੈਕੇ ਜਾਓ, ਘਰ ਵਿੱਚ ਨਮਕ ਤੇ ਖੰਡ ਵਾਲੇ ਪਾਣੀ ਦਾ ਘੋਲ ਇਲਕਟ੍ਰੋ ਲਾਇਟ੍ਰਸ ਰੱਖੋ। ਬੱਚਿਆਂ ਤੇ ਬਜ਼ੁਰਗਾਂ ਨੂੰ ਲੂ ਲੱਗਣ ਦਾ ਖਤਰਾ ਵਧੇਰੇ ਹੁੰਦਾ ਏ ਇਸ ਲਈ ਇਨਾਂ ਦਾ ਖਾਸ ਧਿਆਨ ਰੱਖੋ। ਬੱਚਿਆਂ ਨੂੰ ਲੂ ਤੋਂ ਬਚਾਉਣ ਲਈ ਹਮੇਸ਼ਾ ਆਪਣੇ ਨਾਲ ਪਾਣੀ ਦੀ ਬੋਤਲ ਰੱਖੋ, ਨੀਮਬੂ ਪਾਣੀ, ਲੱਸੀ, ਨਾਰਿਯਲ ਪਾਣੀ ਅਤੇ ਤਾਜੇ ਫਲਾਂ ਦੇ ਜੂਸ ਦੀ ਲਗਾਤਾਰ ਵਰਤੋਂ ਕਰੋ। ਹਲਕੇ ਰੰਗ ਦੇ ਢਿਲੇ ਸੂਤੀ ਕੱਪੜੇ ਪਹਿਨੋ, ਗਰਮੀ ਦੇ ਮੌਸਮ ਵਿਚ ਜੰਕ ਫ਼ੂਡ ਦੀ ਵਰਤੋਂ ਨਾ ਕਰੋ, ਜੇ ਕਰ ਬੱਚਿਆਂ ਨੂੰ ਚੱਕਰ ਆਵੇ, ਉਲਟੀ, ਘਬਰਾਹਟ ਜਾਂ ਤੇਜ ਸਿਰ*

***<u>ਪੀੜ ਹੋਵੇ, ਛਾਤੀ ਵਿਚ ਪੀੜ ਹੋਵੇ ਜਾਂ ਸਾਹ ਲੈਣ ਵਿਚ ਤਕਲੀਫ ਹੋ ਰਹੀ ਹੋਵੇ ਤਾਂ ਤੁਰੰਤ ਡਾਕਟਰ ਦੀ ਮਦਦ ਲਵੋ ਈ ਯਕੀਨਨ ਕੁਝ ਅਜਿਹੀਆਂ ਅਹਿਮ ਸਾਵਧਾਨੀਆਂ ਵਰਤ ਕੇ ਤੇਜ ਗਰਮੀ ਅਤੇ ਲੂ ਤੋਂ ਆਪਣਾ ਤੇ ਆਪਣੇ ਹੋਰ ਪਰਿਵਾਰਕ ਮੈਂਬਰਾਂ ਦਾ ਬਚਾਅ ਕੀਤਾ ਜਾ ਸਕਦਾ ਏ। ਸ਼ਿਸ਼ੂ ਸ਼ਰਮਾ ਸ਼ਾਂਤਲ, ਆਕਾਸ਼ਵਾਣੀ ਸਮਾਚਾਰ, ਜਲੰਧਰ</u>***

---------------------------------------------------

ਇਸ ਦੌਰਾਨ ਇਨੀਂ ਦਿਨੀਂ ਪੰਜਾਬ ਵਿਚ ਲਗਾਤਾਰ ਬਦਲਦੇ ਮੌਸਮ ਦੇ ਮਿਜ਼ਾਜ ਨਾਲ, ਕਿਸਾਨਾਂ ਦੇ ਸਾਹ ਖਾਸ ਤੌਰ ਤੇ ਸੂਤੇ ਪਏ ਨੇ। ਬੀਤੇ ਦਿਨੀਂ ਮਾਝਾ ਤੇ ਦੋਆਬਾ ਵਿੱਚ ਕਈ ਥਾਵਾਂ ’ਤੇ ਪਏ ਹਲਕੇ ਮੀਂਹ ਮਗਰੋਂ ਮੌਸਮ ਵਿਭਾਗ ਨੇ ਭਲਕੇ 18 ਤੋਂ 20 ਅਪ੍ਰੈਲ ਤਕ ਮੌਸਮ ਦੇ ਇਕ ਵਾਰ ਫੇਰ, ਖਰਾਬ ਹੋਣ ਦੀ ਭਵਿੱਖਬਾਣੀ ਕਰਦਿਆਂ ਕਈ ਜ਼ਿਲਿਆਂ ਲਈ ਯੇਲੋ ਅਲਰਟ ਜਾਰੀ ਕੀਤਾ ਏ। ਇਸ ਦੌਰਾਨ 30 ਤੋਂ 40 ਕਿਲੋ-ਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਤੇਜ ਹਵਾਵਾਂ ਵਗਣ ਦੇ ਨਾਲ-ਨਾਲ ਹਲਕਾ ਮੀਂਹ ਵੀ ਪੈ ਸਕਦਾ ਏ। ਉਧਰ, ਭਾਰਤੀ ਮੌਸਮ ਵਿਭਾਗ ਨੇ ਕਿਹਾ ਏ ਕਿ

ਇਸ ਸਾਲ ਦੇਸ਼ ਵਿਚ ਮੌਨਸੂਨ ਸੀਜ਼ਨ ਦੌਰਾਨ ਆਮ ਨਾਲੋਂ ਵੱਧ ਮੀਂਹ ਪੈਣ ਦੀ ਸੰਭਾਵਨਾ ਏ।

----------------------------------------------------

ਆਮ ਆਦਮੀ ਪਾਰਟੀ ਦੀ ਮੋਗਾ ਤੋਂ ਵਿਧਾਇਕ ਦੀਆਂ ਮੁਸ਼ਕਲਾਂ ਵੱਧ ਗਈਆਂ ਨੇ। ਇੱਕ ਮਾਮਲੇ ਵਿੱਚ ਵਿਧਾਇਕ ਡਾ ਅਮਨਦੀਪ ਕੌਰ ਅਰੋੜਾ ਖਿਲਾਫ਼ ਗ਼ੈਰ ਜ਼ਮਾਨਤੀ ਵਾਰੰਟ ਜਾਰੀ ਕੀਤੇ ਗਏ ਨੇ। ਹੁਣ ਉਹਨਾਂ ਨੂੰ ਅਦਾਤਲ ਵਿੱਚ ਪੇਸ਼ ਹੋਣਾ ਹੀ ਪਵੇਗਾ। ਮਾਣਹਾਨੀ ਦੇ ਇਕ ਮਾਮਲੇ ਵਿਚ ਸੁਣਵਾਈ ਦੌਰਾਨ ਅਦਾਲਤ ਵਿਚ ਪੇਸ਼ ਨਾ ਹੋਣ ‘ਤੇ ਵਿਧਾਇਕ ਡਾ. ਅਮਨਦੀਪ ਅਰੋੜਾ ਖਿਲਾਫ਼ ਗੈਰ-ਜ਼ਮਾਨਤੀ ਵਾਰੰਟ ਜਾਰੀ ਕੀਤੇ ਗਏ ਨੇ। ਮਾਮਲੇ ਦੀ ਅਗਲੀ ਸੁਣਵਾਈ 30 ਮਈ ਨੂੰ ਹੋਵੇਗੀ।

----------------------------------------------------

ਲੋਕ ਸਭਾ ਚੋਣਾਂ ਲਈ ਪੰਜਾਬ ਵਿਚ ਪਹਿਲੀ ਜੂਨ ਨੂੰ ਹੋਣ ਜਾ ਰਹੀਆਂ ਚੋਣਾਂ ਲਈ, ਲੋਕਾਂ ਨੂੰ ਵੱਧ ਤੋਂ ਵੱਧ ਵੋਟਾਂ ਪਾਉਣ ਲਈ ਪ੍ਰੇਰਿਤ ਕਰਨ ਤੇ ਚੋਣ ਕਮਿਸ਼ਨ ਦੇ "ਅਬ ਕੀ ਬਾਰ - 70 ਪਾਰ ਦੇ" ਟੀਚੇ ਨੂੰ ਹਾਸਿਲ ਕਰਨ ਦੇ ਮਕਸਦ ਨਾਲ, ਮੁਹਾਲੀ ਜ਼ਿਲਾ ਪ੍ਸ਼ਾਸਨ ਨੇ ਅੱਜ ਮਹਿਲਾ

ਮੈਰਾਥਨ ਦਾ ਆਯੋਜਨ ਕੀਤਾ। ਵੱਡੀ ਗਿਣਤੀ ਵਿਚ ਮਹਿਲਾਵਾਂ, ਬੱਚਿਆਂ ਅਤੇ ਵਿਦਿਆਰਥਨਾਂ ਨੇ ਇਸ ਵਿਚ ਹਿਸਾ ਲਿਆ । ਮੁਹਾਲੀ ਨਗਰ ਨਿਗਮ ਦੀ ਕਮਿਸ਼ਨਰ ਨਵਜੋਤ ਕੋਰ ਨੇ, ਸਪੋਰਟਸ ਕੰਪਲੈਕਸ ਸੈਕਟਰ - 78 ਤੋਂ ਇਸ ਮੈਰਾਥਨ ਨੂੰ ਝੰਡੀ ਵਿਖਾ ਕੇ ਦੌੜ ਦੀ ਸ਼ੁਰੂਆਤ ਕੀਤੀ। ਸ਼ਹਿਰ ਦੇ ਵੱਖ ਵੱਖ ਇਲਾਕਿਆਂ ਵਿਚੋਂ ਲੰਘਦੀ ਹੋਈ ਇਹ ਦੌੜ ਮੁੜ ਸਪੋਰਟਸ ਕੰਪਲੈਕਸ ਤੇ ਖਤਮ ਹੋਈ। ਮਗਰੋਂ ਜੇਤੂਆਂ ਨੂੰ ਇਨਾਮ ਦਿਤੇ ਗ਼ਏ। ਨਿਗਮ ਕਮਿਸ਼ਨਰ ਨਵਜੋਤ ਕੋਰ ਨੇ ਕਿਹਾ ਕਿ ਇਸ ਆਯੋਜਨ ਦਾ ਮਕਸਦ ਮਹਿਲਾਵਾਂ ਨੂੰ ਵੋਟ ਲਈ ਜਾਗਰੂਕ ਕਰਨਾ ਰਿਹਾ ਕਿਓਕਿ ਇਨਾਂ ਦੀ ਭਾਗੇਦਾਰੀ ਚੋਣਾਂ ਲਈ ਜਰੂਰੀ ਤੇ ਸਹਾਇਕ ਹੋਵੇਗੀ। ਇਸ ਮੌਕੇ ਚੋਣ 'ਮਸਕਟ ਸ਼ੇਰਾ' ਨਾਲ ਸੇਲਫੀ ਪੋਇੰਟ ਤੇ ਲੋਕਾਂ ਨੇ, ਸੈਲਫੀਆਂ ਲਈਆਂ ਅਤੇ ਸਿਗਨੇਚਰ ਬੋਰਡ ਤੇ ਹਸਤਾਖਰ ਕਰ ਕੇ ਵੋਟ ਪਾਉਣ ਦੀ ਸੋਂਹ ਵੀ ਲਈ। ਮੁਹਾਲੀ ਦੇ ਐਸ ਡੀ ਐਮ ਦੀਪਾਂਕਰ ਗਰਗ, ਨਿਗਮ ਦੀ ਸੰਯੁਕਤ ਕਮਿਸ਼ਨਰ ਕਿਰਨ ਸ਼ਰਮਾ ਅਤੇ ਚੋਣ ਆਈਕੋਨ ਤੇ ਫ਼ਿਲਮੀ ਅਦਾਕਾਰਾ ਰਾਜ ਧਾਲੀਵਾਲ ਵੀ ਇਸ ਮੌਕੇ ਤੇ ਮੌਜੂਦ ਰਹੇ।

----------------------------------------

## ਅਖੀਰ ਵਿਚ ਖ਼ਾਸ ਖਬਰਾਂ ਇਕ ਵਾਰ ਫੇਰ ਤੋਂ

- ਲੋਕ ਸਭਾ ਚੋਣਾਂ ਦੇ ਪਹਿਲੇ ਗੇੜ ਲਈ, ਖੁਲੇ ਆਮ ਚੋਣ ਪ੍ਰਚਾਰ ਅੱਜ ਸ਼ਾਮ 5 ਵਜੇ ਖ਼ਤਮ ਹੋ ਗਿਆ ਏ।
- ਦੇਸ਼ ਭਰ ਵਿਚ ਰਾਮ ਨੌਮੀ ਦਾ ਤਿਉਹਾਰ ਅੱਜ ਬੜੇ ਹੀ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਏ, ਸ੍ਰੀ ਰਾਮ ਜਨਮ ਭੂਮੀ ਮੰਦਰ ਵਿੱਚ ਬਿਰਾਜ-ਮਾਨ ਰਾਮਲਲਾ ਦਾ ਸੂਰਜ ਦੀਆਂ ਕਿਰਨਾਂ ਨਾਲ ਸੂਰਜ ਤਿਲਕ ਕੀਤਾ ਗਿਆ।
- ਅੰਦੋਲਨ ਕਰ ਰਹੇ ਕਿਸਾਨਾਂ ਵਲੋਂ ਸ਼ੰਭੂ ਰੇਲਵੇ ਸਟੇਸ਼ਨ 'ਤੇ ਅੱਜ ਦੁਪਹਿਰ ਤੋਂ ਰੇਲਵੇ ਟ੍ਰੈਕ ਜਾਮ ਕਰਨ ਨਾਲ ਅੰਮ੍ਰਿਤਸਰ-ਦਿੱਲੀ ਰੇਲ ਰੂਟ ਤੇ ਆਵਾਜਾਈ ਪ੍ਰਭਾਵਤ।
- ਕੌਮੀ ਆਫ਼ਤ ਪ੍ਰਬੰਧਨ ਅਥਾਰਿਟੀ ਨੇ ਲੋਕਾਂ ਨੂੰ ਤਾਪਮਾਨ ਵਧਣ ਦੇ ਮੱਦੇਨਜ਼ਰ, ਲੂ ਤੋਂ ਬਚਣ ਲਈ ਸਾਵਧਾਨੀ ਵਰਤਣ ਲਈ ਆਖਿਆ ਏ।